# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਾਖਲਾ ਮਿਤੀਆਂ ਵਿੱਚ ਵਾਧਾ

ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖਲਾ ਲੈਣ ਲਈ ਆਖਰੀ ਮਿਤੀਆਂ ਵਿੱਚ ਮਿਤੀ 30 ਜੁਲਾਈ, 2013 ਤੱਕ ਬਿਨਾਂ ਲੇਟ ਫੀਸ ਦਾ ਵਾਧਾ ਕੀਤਾ ਗਿਆ ਸੀ। ਹੁਣ 30 ਜੁਲਾਈ ਤੋਂ ਬਾਅਦ ਓਪਨ ਸਕੂਲ ਦੇ ਕੋਰਸਾਂ ਲਈ ਨਿਰਧਾਰਿਤ ਫੀਸਾਂ ਤੋਂ ਇਲਾਵਾ 250 ਰੁ: ਲੇਟ ਫੀਸ ਨਾਲ ਮਿਤੀ 12 ਅਗਸਤ, 2013 ਤੱਕ ਅਤੇ 500 ਰੁ: ਲੇਟ ਫੀਸ ਨਾਲ ਮਿਤੀ 21 ਅਗਸਤ, 2013 ਤੱਕ ਦਾਖਲਾ ਲਿਆ ਜਾ ਸਕਦਾ ਹੈ। ਇਹਨਾਂ ਮਿਤੀਆਂ ਅਨੁਸਾਰ ਜਿਲ੍ਹਾ ਖੇਤਰੀ ਦਫਤਰਾਂ ਅਤੇ ਮੁੱਖ ਦਫਤਰ ਵਿਖੇ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ । ਦਾਖਲਾ ਫਾਰਮ ਕੇਵਲ ਮੁੱਖ ਦਫਤਰ ਵਿਖੇ ਹੀ ਜਮ੍ਹਾਂ ਹੋਣਗੇ।

ਉਪਰੋਕਤ ਨਿਰਧਾਰਤ ਅੰਤਿਮ ਮਿਤੀਆਂ ਨੂੰ ਫੀਸ ਜਮ੍ਹਾਂ ਕਰਵਾਉਣ ਉਪਰੰਤ 2 ਦਿਨ ਬਾਅਦ ਤੱਕ ਭਾਵ ਮਿਤੀ 14.8.13 ਤੱਕ ਅਤੇ ਮਿਤੀ 23.8.13 ਤੱਕ ਦਾਖਲਾ ਫਾਰਮ ਬੋਰਡ ਦੇ ਮੁੱਖ ਦਫਤਰ (ਓਪਨ ਸਕੂਲ ਸ਼ਾਖਾ) ਵਿੱਚ ਜਮ੍ਹਾਂ ਹੋਣਗੇ !

1/8/13.

ਉਪ ਡਾਇਰੈਕਟਰ (ਓਪਨ ਸਕੂਲ)